ਵਿਸ਼ਾ ਪੰਜਾਬੀ ਜਮਾਤ ਨੌਵੀਂ ਸਾਲ ਅਪ੍ਰੈਲ 2020

## ਕਹਾਣੀ ਕੱਲੋ (ਨਾਨਕ ਸਿੰਘ)



**1.ਕੱਲੋ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ?**

1936 ਵਿੱਚ ਲੇਖਕ ਆਪਣਾ ਨਾਵਲ ਕਾਗਤਾਂ ਦੀ ਬੇੜੀ ਲਿਖਣ ਲਈ ਧਰਮਸ਼ਾਲਾ ਪੁੱਜਾ। ਹੱਥ ਤੰਗ ਹੋਣ ਕਰਕੇ ਐਤਕੀਂ ਉਸ ਨੇ ਉੱਥੋਂ ਦੀ ਰਮਣੀਕ ਥਾਂ ਮੈਕਲੋਡਗੰਜ ਦੇ ਕਿਸੇ ਹੋਟਲ ਦੀ ਥਾਂ ਇੱਕ ਗੁੰਮਨਾਮ ਜਿਹੇ ਮੁਹੱਲੇ ਵਿੱਚ ਆਪਣੇ ਇੱਕ ਦੋਸਤ ਦੇ ਘਰ ਜਾ ਡੇਰਾ ਲਾਇਆ, ਪਰ ਇੱਥੇ ਇੱਕ ਮੁਸ਼ਕਿਲ ਏਹ ਪਈ ਕਿ ਉੱਥੋਂ ਦੀ ਮੁਟਿਆਰ ਜਿਹੀ ਸਫ਼ਾਈ ਸੇਵਿਕਾ ਕੱਲੋ ਮੁਹੱਲੇ ਵਿੱਚ ਦੋ ਵੇਲੇ ਆਉਂਦੀ ਤੇ ਜਿੰਨਾਂ ਚਿਰ ਉੱਥੇ ਰਹਿੰਦੀ, ਉਸ ਦਾ ਕਿਸੇ ਨਾ ਕਿਸੇ ਨਾਲ ਆਢਾ ਲੱਗਿਆ ਰਹਿੰਦਾ। ਉਹ ਹਰ ਵੇਲੇ ਸੜੀ-ਭੁਜੀ ਰਹਿੰਦੀ। ਉਹ ਹੱਦ ਦਰਜੇ ਦੀ ਢੀਠ ਤੇ ਮੂੰਹ ਫੱਟ ਸੀ। ਲੇਖਕ ਉਸ ਤੋਂ ਬਹੁਤ ਅਵਾਜ਼ਾਰ ਸੀ, ਪਰ ਉਸ ਕੋਲ ਇਸ ਮੁਸੀਬਤ ਤੋਂ ਬਚਣ ਦਾ ਕੋਈ ਰਾਹ ਨਹੀਂ ਸੀ।

ਅੰਤ ਲਾਚਾਰ ਹੋ ਕੇ ਲੇਖਕ ਨੇ ਅਗਲੀ ਸਵੇਰ ਉਥੋਂ ਕਿਸੇ ਹੋਰ ਥਾਂ ਜਾਣ ਦਾ ਫੈਸਲਾ ਕਰ ਲਿਆ। ਪਰੰਤੂ ਅਗਲੇ ਦਿਨ ਭਾਰੀ ਬਾਰਿਸ਼ ਹੋਣ ਕਰਕੇ ਉਹ ਉੱਥੋਂ ਨਾ ਜਾ ਸਕਿਆ। ਕੱਲੋ ਵੀ ਕਿਧਰੇ ਦਿਖਾਈ ਨਾ ਦਿੱਤੀ ਤੇ ਉਹ ਘਰ ਬੈਠਾ ਲਿਖਦਾ ਰਿਹਾ।

ਦੁਪਹਿਰ ਵੇਲੇ ਲੇਖਕ ਜਦੋਂ ਆਰਾਮ ਕੁਰਸੀ ਉੱਤੇ ਬੈਠ ਕੇ ਆਪਣੇ ਦੋਸਤ ਦੇ ਲਿਆਂਦੇ ਅੰਬ ਚੂਪ ਰਿਹਾ ਸੀ, ਤਾਂ ਕੱਲੋ ਨੇ ਆ ਕੇ ਉਸ ਨੂੰ ਬੁਰਾ-ਭਲਾ ਬੋਲਣਾ ਸ਼ੁਰੂ ਕਰ ਦਿੱਤਾ। ਉਹ ਉਸ ਨੂੰ ਕਹਿ ਰਹੀ ਸੀ ਕਿ ਉਸ ਨੂੰ ਦਿਸਦਾ ਨਹੀਂ ਕਿ ਉਸ ਨੇ ਕਿੰਨਾ ਕੂੜਾ ਖਿਲਾਰ ਦਿੱਤਾ ਹੈ। ਲੇਖਕ ਨੂੰ ਕੱਲੋ ਦੇ ਕੜਕਣ ਤੇ ਖਿਆਲ ਆਇਆ

ਕਿ ਉਹ ਗਿਟਕਾਂ ਅਤੇ ਛਿੱਲੜਾਂ ਬੇਪ੍ਰਵਾਹੀ ਨਾਲ ਸੁੱਟ ਰਿਹਾ ਸੀ। ਉਸ ਨੇ ਇਕਦਮ ਗਿਟਕਾਂ ਤੇ ਛਿੱਲੜਾਂ ਇਕੱਠੇ ਕਰਦਿਆਂ ਕਿਹਾ ਕਿ,"ਬੜੀ ਭੁੱਲ ਹੋ ਗਈ ਬਹਿਨ, ਮੁਆਫ਼ ਕਰਨਾ ਪਰਦੇਸੀ ਹੂੰ, ਖਿਆਲ ਨਹੀਂ ਰਿਹਾ।"

ਲੇਖਕ ਨੂੰ ਡਰ ਸੀ ਕਿ ਕੱਲੋ ਉਸ ਦੀ ਬੁਰੀ ਬਾਬ ਕਰੇਗੀ, ਪਰ ਲੇਖਕ ਹੈਰਾਨ ਸੀ ਕਿ ਉਹ ਮੂੰਹੋਂ ਇੱਕ ਸ਼ਬਦ ਵੀ ਨਾ ਬੋਲੀ ਅਤੇ ਲੇਖਕ ਨੂੰ ਕਹਿਣ ਲੱਗੀ ਕਿ ਉਹ ਸਫ਼ਾਈ ਨਾ ਕਰੇ, ਸਗੋਂ ਉਹ ਆਪ ਕਰ ਦੇਵੇਗੀ। ਇਸ ਤੋਂ ਪਿੱਛੋਂ ਉਹ ਸਭ ਕੁਝ ਹੂੰਝ ਕੇ ਤੇ ਸਫ਼ਾਈ ਕਰਕੇ ਚਲੀ ਗਈ।

ਅਗਲੇ ਦਿਨ ਜਦੋਂ ਕੱਲੋਂ ਆਈ ਤਾਂ ਉਸ ਨੇ ਸਭ ਤੋਂ ਪਹਿਲਾਂ ਲੇਖਕ ਦੇ ਘਰ ਦਾ ਅੱਗਾ ਸਾਫ਼ ਕੀਤਾ ਤੇ ਨਾਲੀ ਦਾ ਗੰਦ ਵੀ ਸਾਫ਼ ਕੀਤਾ। ਇੱਧਰੋਂ ਵਿਹਲੀ ਹੋ ਕੇ ਉਸ ਨੇ ਲੇਖਕ ਨੂੰ 'ਦਾਦਾ' ਕਹਿ ਕੇ ਅੰਦਰਲੇ ਕੂੜੇ ਨੂੰ ਬਾਹਰ ਸੁੱਟਣ ਬਾਰੇ ਪੁੱਛਿਆ। ਲੇਖਕ ਨੂੰ ਉਸ ਦੇ ਮੂੰਹੋਂ ਦਾਦਾ ਸੁਣ ਕੇ ਜ਼ਰਾ ਔਖ ਹੋਈ। ਉਸ ਦਿਨ ਕੱਲੋ ਨੇ ਕਿਸੇ ਮੁਹੱਲੇ ਵਾਲੇ ਨਾਲ ਆਢਾ ਨਹੀਂ ਲਾਇਆ। ਕੁਝ ਦੇਰ ਪਿੱਛੋਂ ਲੇਖਕ ਨੇ ਉਸ ਨੂੰ ਆਪਣੀ ਕੰਧ ਨਾਲ ਖੜ੍ਹੀ ਦੇਖਿਆ। ਲੇਖਕ ਨੇ ਸੋਚਿਆ ਕਿ ਸ਼ਾਇਦ ਉਹ ਕੰਮ ਦੀ ਮਜ਼ਦੂਰੀ ਲੈਣ ਆਈ ਹੈ। ਉਸ ਨੇ ਆਪਣੀ ਜੇਬ ਵਿੱਚੋਂ ਇੱਕ ਆਨਾ ਕੱਢ ਕੇ ਉਸ ਵੱਲ ਸੁੱਟਿਆ, ਪਰ ਉਸਨੇ ਨਾ ਚੁੱਕਿਆ। ਲੇਖਕ ਨੇ ਉਸ ਨੂੰ ਲਾਲਚਣ ਸਮਝਦਿਆਂ ਇੱਕ ਆਨਾ ਹੋਰ ਉਸ ਵੱਲ ਸੁੱਟਿਆ ਪਰੰਤੂ ਕੱਲੋ ਨੇ ਕਿਹਾ ਕਿ ਉਹ ਨਹੀਂ ਲਵੇਗੀ। ਇਹ ਸੁਣ ਕੇ ਲੇਖਕ ਨੇ ਉਸ ਦੇ ਲਾਲਚੀ ਸੁਭਾਅ ਨੂੰ ਕੋਸਿਆ। ਜਦੋਂ ਲੇਖਕ ਨੇ ਉਸ ਨੂੰ ਪੁੱਛਿਆ ਕਿ ਉਹ ਪੈਸੇ ਕਿਉਂ ਨਹੀਂ ਲੈ ਰਹੀ ਤਾਂ ਉਸ ਨੇ ਸੰਗਦਿਆ-ਸੰਗਦਿਆ ਕਿਹਾ ਕਿ ਲੇਖਕ ਨੇ ਕੱਲ੍ਹ ਉਸ ਨੂੰ 'ਬਹਿਨ' ਕਿਹਾ ਸੀ।

ਕੱਲੋ ਦੇ ਇਸ ਵਾਕ ਨੇ ਉਸ ਦੀ ਸਾਰੀ ਤਸਵੀਰ ਬਦਲ ਦਿੱਤੀ। ਉਸ ਦੇ ਮਨ ਵਿੱਚ ਕੱਲੋ ਲਈ ਜੋ ਨਫ਼ਰਤ ਸੀ ਉਹ ਸਾਰੀ ਪਿਆਰ ਵਿੱਚ ਬਦਲ ਗਈ। ਉਹ ਮੀਂਹ ਵਿੱਚ ਭਿੱਜ ਰਹੀ ਸੀ। ਲੇਖਕ ਨੇ ਉਸ ਨੂੰ ਅੰਦਰ ਆਉਣ ਲਈ ਕਿਹਾ। ਲੇਖਕ ਨੂੰ ਜਾਪਦਾ ਸੀ ਕਿ ਉਹ ਉਸ ਨਾਲ ਕੁਝ ਗੱਲਾਂ ਕਰਨੀਆਂ ਚਾਹੁੰਦੀ ਹੈ, ਪਰ ਉਹ ਅੱਗੇ ਰੋਟੀ ਬਣਾਉਣ ਦੀ ਥਾਂ ਦੇਖ ਕੇ ਝਿਜਕ ਰਹੀ ਸੀ। ਲੇਖਕ ਨੇ ਜਦੋਂ ਉਸ ਨੂੰ ਫਿਰ ਛੱਤ ਦੇ ਹੇਠਾਂ ਹੋ ਜਾਣ ਲਈ ਕਿਹਾ, ਤਾਂ ਉਸ ਨੇ ਬੜੀ ਚੌਕਸੀ ਨਾਲ ਦਹਿਲੀਜ਼ ਟੱਪੀ। ਉਸ ਦੀਆਂ ਗੱਲਾਂ ਤੋਂ ਲੇਖਕ ਨੂੰ ਪਤਾ ਲੱਗਾ ਕਿ ਉਹ ਬੰਗਾਲਣ ਹੈ। ਉਸ ਨੂੰ ਸਮਝ ਲੱਗ ਗਈ ਕਿ ਬੰਗਲਾ ਵਿੱਚ ਵੱਡੇ ਭਰਾ ਨੂੰ 'ਦਾਦਾ' ਕਹਿੰਦੇ ਹਨ।

ਲੇਖਕ ਨੇ ਉਸ ਨੂੰ ਭਿੱਜਦੀ ਦੇਖ ਕੇ ਕਿਹਾ ਕਿ ਉਹ ਬਰਤਨਾਂ ਦੀ ਬਿਨਾਂ ਪਰਵਾਹ ਕੀਤੇ ਅੰਦਰ ਲੰਘ ਆਵੇ ਕਿਉਂਕਿ ਉਹ ਉਸ ਦੇ ਦਾਦਾ ਦੇ ਹੀ ਹਨ। ਹੁਣ ਉਹ ਸੁਰੱਖਿਅਤ ਸੀ। ਉਸ ਦੇ ਪੁੱਛਣ ਤੇ ਲੇਖਕ ਨੇ ਉਸ ਨੂੰ ਦੱਸਿਆ ਕਿ ਉਹ ਅੰਮ੍ਰਿਤਸਰ ਦਾ ਰਹਿਣ ਵਾਲਾ ਹੈ ਅਤੇ ਉਹ ਕੱਲ੍ਹ ਇੱਥੋਂ ਚਲਾ ਜਾਵੇਗਾ, ਕਿਉਂਕਿ ਇਸ ਗਲੀ ਵਿੱਚ ਸ਼ੋਰ ਬਹੁਤ ਰਹਿੰਦਾ ਹੈ। ਇਹ ਸੁਣ ਕੇ ਕੱਲੋ ਚੁੱਪ ਕਰ ਗਈ। ਫਿਰ ਉਸ ਨੂੰ ਪਤਾ ਲੱਗਾ ਕਿ ਲੇਖਕ ਕਿਤਾਬਾਂ ਲਿਖਦਾ ਹੈ। ਉਸ ਨੂੰ ਲੇਖਕ ਤੋਂ ਇਹ ਵੀ ਪਤਾ ਲੱਗਾ ਕਿ ਅੰਮ੍ਰਿਤਸਰ ਵਿੱਚ ਉਸ ਦੀ ਪਤਨੀ ਅਤੇ ਤਿੰਨ ਲੜਕੇ ਹਨ। ਇਸ ਪਿੱਛੋਂ ਮੀਂਹ ਬੰਦ ਹੋ ਗਿਆ ਅਤੇ ਕੱਲੋ ਕੰਮ ਕਰਨ ਚਲੀ ਗਈ।

ਇਸ ਤੋਂ ਪਿੱਛੋਂ ਲੇਖਕ ਨੂੰ ਥਾਂ ਬਦਲਣ ਦੀ ਲੋੜ ਨਾ ਪਈ, ਕਿਉਂਕਿ ਕੱਲੋ ਆਪਣਾ ਕੰਮ ਕਰਦੀ ਕਿਸੇ ਨਾਲ ਝਗੜਾ ਨਹੀਂ ਸੀ ਕਰਦੀ। ਕੰਮ ਕਰਕੇ ਉਹ ਲੇਖਕ ਨਾਲ ਕੁਝ ਗੱਲਾਂ ਕਰਦੀ ਤੇ ਚਲੀ ਜਾਂਦੀ। ਹੁਣ ਤਾਂ ਉਹ ਬਾਲਾਂ ਨੂੰ ਵੀ ਬੜੇ ਪਿਆਰ ਨਾਲ ਰੌਲਾ ਪਾਉਣ ਤੋਂ ਰੋਕ ਦਿੰਦੀ।

ਇਕ ਨਾਵਲ ਦਾ ਕੰਮ ਖ਼ਤਮ ਹੋ ਗਿਆ ਅਤੇ ਲੇਖਕ ਨੇ ਕੱਲੋ ਨੂੰ ਦੱਸਿਆ ਕਿ ਉਹ ਇੱਥੋਂ ਚਲਾ ਜਾਵੇਗਾ। ਕੱਲੋ ਘਬਰਾ ਗਈ। ਉਹ ਲੇਖਕ ਨੂੰ ਪੁੱਛਦੀ ਹੈ ਕਿ ਉਹ ਅਗਲੇ ਸਾਲ ਫੇਰ ਆਵੇਗਾ ? ਲੇਖਕ ਨੇ ਉਸ ਨੂੰ ਇੱਕ ਰੁਪਿਆ ਦੇ ਕੇ ਉਸ ਦੇ ਸਿਰ ਉੱਤੇ ਹੱਥ ਫੇਰਿਆ।

ਅਗਲੇ ਦਿਨ ਆਪਣਾ ਸਾਮਾਨ ਬੰਨਦਿਆਂ ਲੇਖਕ ਦਾ ਧਿਆਨ ਮੁਹੱਲੇ ਦੇ ਸਿਰੇ ਵੱਲ ਸੀ। ਉਸ ਨੂੰ ਵਿਸ਼ਵਾਸ ਸੀ ਕਿ ਕੱਲੋ ਜ਼ਰੂਰ ਆਵੇਗੀ ਪਰ ਉਹ ਨਾ ਆਈ ਉਹ ਨਿਰਾਸ਼ ਜਿਹਾ ਹੋ ਕੇ ਕੁੱਲੀ ਤੋਂ ਸਾਮਾਨ ਚੁਕਵਾ ਕੇ ਬੱਸ ਅੱਡੇ ਉੱਤੇ ਪਹੁੰਚ ਗਿਆ। ਮੋਟਰ ਤੁਰਨ ਦਾ ਵਕਤ ਹੋ ਰਿਹਾ ਸੀ ਅਤੇ ਉਸਦੀਆਂ ਨਜ਼ਰਾਂ ਸੜਕ ਵੱਲ ਕੱਲੋ ਨੂੰ ਵੇਖ ਰਹੀਆਂ ਸਨ।

ਅੰਤ ਉਹ ਬੱਸ ਵਿੱਚ ਬੈਠਾ। ਬੱਸ ਸਟਾਰਟ ਹੋ ਗਈ। ਉਸੇ ਵੇਲੇ ਉਸ ਨੂੰ ਸਿਰ ਉੱਤੇ ਟੋਕਰੀ ਚੁੱਕੀ ਕਾਹਲੀ ਕਾਹਲੀ ਤੁਰੀ ਆਉਂਦੀ ਕੱਲੋ ਦਿਸੀ। ਲੇਖਕ ਡਰਾਈਵਰ ਨੂੰ ਜ਼ਰਾ ਰੁਕਣ ਲਈ ਕਹਿ ਕੇ ਬੱਸ ਵਿੱਚੋਂ ਹੇਠਾਂ ਉਤਰਿਆ। ਉਸ ਨੇ ਕੱਲੋ ਕੋਲੋਂ ਟੋਕਰੀ ਫੜੀ। ਉਸ ਨੇ ਕਿਹਾ ਕਿ ਉਹ ਆਪਣੀ ਭਾਵਜ ਲਈ ਥੋੜ੍ਹੇ ਜਿਹੇ ਅੰਬ ਲਿਆਈ ਹੈ। ਉਸ ਨੇ ਲੇਖਕ ਨੂੰ ਦੱਸਿਆ ਕਿ ਉਸ ਨੇ ਅੰਬਾਂ ਨੂੰ ਛੂਹਿਆ ਨਹੀਂ। ਕੀ ਉਹ ਉਨ੍ਹਾਂ ਨੂੰ ਲੈ ਲਵੇਗਾ ? ਲੇਖਕ ਨੇ ਉਸ ਦੀ ਭੇਟ ਬੜੀ ਖ਼ੁਸ਼ੀ ਨਾਲ ਕਬੂਲ ਕੀਤੀ ਅਤੇ ਉਹ ਖਿੜ ਗਈ।

ਲੇਖਕ ਨੇ ਟੋਕਰੀ ਬੱਸ ਵਿੱਚ ਰਖਵਾਈ ਅਤੇ ਕੱਲੋ ਤੋਂ ਵਿਦਾ ਹੋ ਕੇ ਬੱਸ ਵਿੱਚ ਬੈਠ ਗਿਆ। ਉਸ ਨੇ ਪਰਤ ਕੇ ਦੇਖਿਆ ਕਿ ਕੱਲੋ ਭਰਾ ਦੇ ਪਿਆਰ ਵਿੱਚ ਭਿੱਜੀ ਬੱਸ ਵੱਲ ਵੇਖ ਰਹੀ ਸੀ

2. "ਪਰ ਅੰਬਾਂ ਦੀ ਭੁੱਖ ਅੰਬਾਂਕੜੀਆਂ ਨਾਲ ਕਦੋਂ ਦੂਰ ਹੋ ਸਕਦੀ ਸੀ।" ਲੇਖਕ ਨੇ ਅਜਿਹਾ ਕਿਉਂ ਸੋਚਿਆ ?

ਲੇਖਕ ਨੇ ਅਜਿਹਾ ਇਸ ਕਰਕੇ ਕਿਹਾ ਕਿਉਂਕਿ ਉਹ ਪਹਿਲਾਂ ਨਾਵਲ ਲਿਖਣ ਲਈ ਕਈ ਸਾਲਾਂ ਤੋਂ ਧਰਮਸ਼ਾਲਾ ਦੀ ਰਮਣੀਕ ਥਾਂ ਮੈਕਲੋਡਗੰਜ ਵਿੱਚ ਜਾ ਡੇਰਾ ਲਾਉਂਦਾ ਸੀ ਪਰ ਐਤਕੀ ਜੇਬ ਇਜਾਜ਼ਤ ਨਾ ਦਿੰਦੀ ਹੋਣ ਕਰਕੇ ਉਸ ਨੇ ਮਨ ਮਾਰ ਕੇ ਨਾਵਲ ਘਰੇ ਬੈਠ ਕੇ ਲਿਖਣਾ ਹੀ ਸ਼ੁਰੂ ਕਰ ਦਿੱਤਾ, ਪਰ ਗੱਲ ਨਾ ਬਣੀ। ਉਸ ਦਾ ਦਿਲ ਧਰਮਸ਼ਾਲਾ ਜਾਣ ਲਈ ਕਾਹਲਾ ਸੀ। ਘਰ ਵਿੱਚ ਬੈਠ ਕੇ ਨਾਵਲ ਲਿਖਦਿਆਂ ਉਸ ਨੂੰ ਉਹ ਸਵਾਦ ਨਹੀਂ ਸੀ ਆਉਂਦਾ, ਜੋ ਉੱਥੇ ਪਹਾੜਾਂ ਦੀ ਰਮਣੀਕ ਗੋਦੀ ਵਿੱਚ ਆਉਂਦਾ ਸੀ।

3. ਲੇਖਕ ਨੂੰ ਆਪਣਾ ਨਾਵਲ ਲਿਖਣ ਸਮੇਂ ਕਿਹੜੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ?

ਇਸ ਲੇਖਕ ਨੂੰ ਆਪਣਾ ਨਾਵਲ ਲਿਖਣ ਸਮੇਂ ਪਹਿਲੀ ਔਕੜ ਤਾਂ ਇਹ ਪੇਸ਼ ਆਈ ਕਿ ਉਸ ਨੂੰ ਜੇਬ ਵਿੱਚ ਘੱਟ ਪੈਸੇ ਹੋਣ ਕਰਕੇ ਧਰਮਸ਼ਾਲਾ ਆਪਣੀ ਮਨਪਸੰਦ ਥਾਂ ਮੈਕਲੋਡਗੰਜ ਦੇ ਕਿਸੇ ਹੋਟਲ ਵਿੱਚ ਜਾ ਕੇ ਰਹਿਣ

ਦੀ ਥਾਂ ਕਿਸੇ ਗੁੰਮਨਾਮ ਜਿਹੇ ਮੁਹੱਲੇ ਵਿੱਚ ਆਪਣੇ ਇੱਕ ਦੋਸਤ ਦੇ ਘਰ ਡੇਰਾ ਲਾਉਣਾ ਪਿਆ। ਦੂਜੀ ਔਕੜ ਇਹ ਸੀ ਕਿ ਉਸ ਮੁਹੱਲੇ ਵਿੱਚ ਹੋਣ ਵਾਲੀ ਸਫ਼ਾਈ-ਸੇਵਕਾ ਬੜੀ ਕੁਰੱਖਤ ਅਤੇ ਗੁੱਸੇਖੋਰ ਸੀ। ਉਹ ਗਲੀ ਵਿੱਚ ਕਿਸੇ ਨਾ ਕਿਸੇ ਨਾਲ ਆਢਾ ਲਾਈ ਰੱਖਦੀ ਸੀ। ਉਹ ਸਾਰੇ ਮੁਹੱਲੇ ਨਾਲ ਲੜਦੀ ਰਹਿੰਦੀ ਸੀ।

4. "ਬੜੀ ਭੁੱਲ ਹੂਈ ਬਹਿਨ, ਮੁਆਫ਼ ਕਰਨਾ। ਪਰਦੇਸੀ ਹੂੰ ਖ਼ਿਆਲ ਨਹੀਂ ਰਹਾ। ਲੇਖਕ ਦੇ ਇਨ੍ਹਾਂ ਸ਼ਬਦਾਂ ਦਾ ਕੱਲੋ ਦੇ ਵਿਹਾਰ ਤੇ ਕੀ ਅਸਰ ਪਿਆ ?

ਲੇਖਕ ਦੇ ਇਨ੍ਹਾਂ ਸ਼ਬਦਾਂ ਦਾ ਕੱਲੋ ਦੇ ਵਿਹਾਰ ਉੱਤੇ ਬਹੁਤ ਅਸਰ ਪਿਆ। ਜਿੱਥੇ ਉਹ ਅੰਬ ਚੂਪ ਕੇ ਗਿਟਕਾਂ ਤੇ ਛਿੱਲੜਾਂ ਬੂਹਿਓਂ ਬਾਹਰ ਸੁੱਟ ਰਹੇ ਲੇਖਕ ਨੂੰ ਕੜਕ ਕੇ ਪਈ ਸੀ। ਪਰ ਜਦੋਂ ਲੇਖਕ ਨੇ ਉਸ ਨੂੰ ਬਿਨ ਕਿਹਾ ਤਾਂ ਉਹ ਇੱਕ ਦਮ ਪਿਘਲ ਕੇ ਮੋਮ ਹੋ ਗਈ। ਉਸ ਨੇ ਲੇਖਕ ਨੂੰ ਗਿਟਕਾਂ ਤੇ ਛਿੱਲੜ ਇਕੱਠੇ ਕਰਨ ਤੋਂ ਹਟਾ ਕੇ ਇਹ ਕੰਮ ਆਪ ਕਰ ਦਿੱਤਾ ਤੇ ਨਾਲ ਹੀ ਬੂਹੇ ਦਾ ਅੱਗਾ ਵੀ ਸਾਫ਼ ਕਰ ਦਿੱਤਾ। ਅਗਲੇ ਦਿਨ ਉਸ ਨੇ ਸਭ ਤੋਂ ਪਹਿਲਾਂ ਲੇਖਕ ਦੇ ਘਰ ਦਾ ਅੱਗਾ ਸਾਫ਼ ਕੀਤਾ ਤੇ ਨਾਲ ਹੀ ਨਾਲੀ ਦਾ ਗੰਦ ਵੀ ਸਾਫ਼ ਕੀਤਾ। ਇਸ ਤਰ੍ਹਾਂ ਲੇਖਕ ਦੇ ਮਨੁੱਖੀ ਪਿਆਰ ਨਾਲ ਭਰੇ ਇਨ੍ਹਾਂ ਸ਼ਬਦਾਂ ਨੇ ਕੱਲੋ ਦਾ ਰਵੱਈਆ ਅਤੇ ਸੁਭਆ ਹੀ ਬਦਲ ਦਿੱਤਾ।

5. ਲੇਖਕ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਕੱਲੋ ਦਾ ਸੁਭਾਅ ਕਿਹੋ ਜਿਹਾ ਸੀ ?

ਲੇਖਕ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਕੱਲੋ ਮੁਹੱਲੇ ਵਿੱਚ ਕਿਸੇ ਨਾ ਕਿਸੇ ਨਾਲ ਆਢਾ ਲਾਈ ਰੱਖਦੀ ਸੀ। ਉਹ ਹਰ ਵੇਲੇ ਸੜੀ-ਭੁੱਜੀ ਰਹਿੰਦੀ। ਇਸ ਤਰ੍ਹਾਂ ਲੱਗਦਾ ਸੀ ਕਿ ਉਹ ਸਾਹਮਣੇ ਆਉਣ ਵਾਲਿਆਂ ਨੂੰ ਕੱਚਿਆਂ ਖਾ ਜਾਵੇਗੀ। ਉਹ ਲੋਕਾਂ ਨੂੰ ਬੁਰਾ ਭਲਾ ਬੋਲਦੀ ਰਹਿੰਦੀ। ਗਲੀ ਦੀਆਂ ਜ਼ਨਾਨੀਆਂ ਵੀ ਬਦਲੇ ਵਿੱਚ ਜਵਾਬੀ ਹਮਲੇ ਕਰਦਿਆਂ ਉਸ ਲਈ 'ਹੱਡ ਹਰਾਮ', 'ਔਂਤਰੀ' ਤੇ 'ਰੰਡੀ' ਆਦਿ ਸ਼ਬਦ ਵਰਤਦੀਆਂ। ਕੋਈ ਕਿੰਨਾ ਬੋਲੇ, ਚਿਲਾਵੇ ਉਸ ਦੇ ਮੱਥੇ ਦੀਆਂ ਤਿਊੜੀਆਂ ਸਿੱਧੀਆਂ ਨਾ ਹੁੰਦੀਆਂ। ਉਹ ਕਿਸੇ ਦੀ ਪ੍ਰਵਾਹ ਨਾ ਕਰਦੀ। ਉਸ ਨੇ ਕਿਸੇ ਦਾ ਆਖਾ ਨਾ ਮੰਨਣ ਦੀ ਸਹੁੰ ਖਾਧੀ ਹੋਈ ਸੀ। ਉਹ ਜੋ ਕੁਝ ਕਰਦੀ ਸੀ, ਆਪਣੀ ਮਰਜ਼ੀ ਨਾਲ ਹੀ ਕਰਦੀ ਸੀ।

6. ਲੇਖਕ ਨੂੰ ਕੱਲੋ ਲਾਲਚੀ ਕਿਉਂ ਜਾਪੀ ?

ਲੇਖਕ ਨੂੰ ਕੱਲੋ ਇਸ ਕਰਕੇ ਲਾਲਚੀ ਜਾਪੀ ਕਿਉਂਕਿ ਜਦੋਂ ਉਸ ਨੇ ਉਸ ਨੂੰ ਮਜ਼ਦੂਰੀ ਲੈਣ ਲਈ ਖੜ੍ਹੀ ਸਮਝ ਕੇ ਉਸ ਵੱਲ ਆਨਾ ਸੁੱਟਿਆ, ਤਾਂ ਉਸ ਨੇ ਉਹ ਨਾ ਚੁੱਕਿਆ ਤੇ ਲੇਖਕ ਵੱਲ ਤੱਕ ਕੇ ਆਪਣੀ ਨਜ਼ਰ ਪਰੇ ਹਟਾ ਲਈ। ਲੇਖਕ ਨੂੰ ਜਾਪਿਆ ਕਿ ਉਹ ਲਾਲਚਣ ਹੈ ਤੇ ਉਹ ਹੋਰ ਪੈਸੇ ਚਾਹੁੰਦੀ ਹੈ, ਜਦ ਕਿ ਉਸ ਦਾ ਕੰਮ ਇੰਨਾ ਨਹੀਂ ਸੀ। ਲੇਖਕ ਨੇ ਉਸ ਤੋਂ ਪਿੱਛਾ ਛੁਡਾਉਣ ਲਈ ਉਸ ਵੱਲ ਇੱਕ ਹੋਰ ਆਨਾ ਸੁੱਟਿਆ ਪਰ ਉਸ ਨੇ ਲੈਣ ਤੋਂ ਇਨਕਾਰ ਕਰ ਦਿੱਤਾ। ਇਹ ਦੇਖ ਕੇ ਲੇਖਕ ਨੂੰ ਯਕੀਨ ਹੋ ਗਿਆ ਕਿ ਉਹ ਪੱਕੀ ਲਾਲਚਣ ਹੈ।

7. ਲੇਖਕ ਨਾਲ ਗੱਲ ਕਰਦੀ ਕੱਲੋ ਚੁੱਪ ਕਿਉਂ ਹੋ ਗਈ ਸੀ ?

ਲੇਖਕ ਨਾਲ ਗੱਲ ਕਰਦੀ ਕੱਲੋ ਇਸ ਕਰਕੇ ਚੁੱਪ ਹੋ ਗਈ, ਕਿਉਂਕਿ ਉਸ ਨੇ ਦੇਖਿਆ ਕਿ ਬਾਹਰ ਮੀਂਹ ਵੀ ਬੰਦ ਹੋ ਚੁੱਕਾ ਸੀ ਤੇ ਮੁਹੱਲੇ ਵਿੱਚ ਉਸ ਦਾ ਕੰਮ ਬਹੁਤ ਪਿਆ ਸੀ। ਇਸ ਕਰਕੇ ਲੇਖਕ ਨਾਲ ਗੱਲ ਕਰਨੀ ਬੰਦ ਕਰ ਕੇ ਉਸ ਨੇ ਆਪਣਾ ਝਾੜੂ ਤੇ ਛਾਬਾ ਚੁੱਕਿਆ ਤੇ ਕੰਮ ਲਈ ਚਲੀ ਗਈ।

8. ਕੱਲੋ ਨੇ ਲੇਖਕ ਨੂੰ ਕਿਹੜੀ ਸੌਗਾਤ ਭੇਟ ਕੀਤੀ ਤੇ ਕਿਉਂ ?

ਕੱਲੋ ਨੇ ਲੇਖਕ ਨੂੰ ਅੰਬਾਂ ਦੀ ਟੋਕਰੀ ਸੌਗਾਤ ਵਜੋਂ ਭੇਟ ਕੀਤੀ। ਉਹ ਇਹ ਅੰਬ ਲੇਖਕ ਦੀ ਪਤਨੀ ਲਈ ਭੇਜਣਾ ਚਾਹੁੰਦੀ ਸੀ।

## ਵਸਤੂਨਿਸ਼ਠ ਉੱਤਰ ਵਾਲੇ ਪ੍ਰਸ਼ਨ

1.ਕੱਲੋ ਕਹਾਣੀ ਦਾ ਲੇਖਕ ਕੌਣ ਹੈ ?

ਨਾਨਕ ਸਿੰਘ

2. ਕੱਲੋ ਕਹਾਣੀ ਦੀ ਘਟਨਾ ਕਦੋਂ ਵਾਪਰੀ ?

1936

3. ਲੇਖਕ ਕਿਹੜਾ ਨਾਵਲ ਲਿਖਣ ਲਈ ਪਹਾੜ ਉੱਤੇ ਜਾਣਾ ਚਾਹੁੰਦਾ ਸੀ ?

ਕਾਗਤਾਂ ਦੀ ਬੇੜੀ

4. ਕੱਲੋ ਦੇ ਮੂੰਹੋਂ ਨਿਕਲੇ ਕਿਹੜੇ ਸ਼ਬਦ ਨੇ ਲੇਖਕ ਨੂੰ ਔਖਾ ਕੀਤਾ ?

ਦਾਦਾ

5. ਕੱਲੋ ਮੁਹੱਲੇ ਵਿੱਚ ਕੀ ਕੰਮ ਕਰਦੀ ਸੀ ?

ਸਫ਼ਾਈ ਦਾ

6. ਕੱਲੋ ਬੱਸ ਅੱਡੇ ਉੱਤੇ ਲੇਖਕ ਲਈ ਕੀ ਸੁਗਾਤ ਲੈ ਕੇ ਆਈ ?

ਅੰਬਾਂ ਦੀ ਟੋਕਰੀ